15ਵੀਂ ਵਿਧਾਨ ਸਭਾ
ਸੱਤਵਾਂ ਸਮਾਗਮ

# ਪੰਜਾਬ ਵਿਧਾਨ ਸਭਾ

## ਕਾਰਜ-ਸੂਚੀ

ਸ਼ੁੱਕਰਵਾਰ, 15 ਫਰਵਰੀ, 2019
(10.00 ਵਜੇ ਸਵੇਰੇ)

---

## I. ਪ੍ਰਸ਼ਨ

ਵੱਖ ਸੂਚੀ ਵਿਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਉੱਤਰ ਦਿੱਤੇ ਜਾਣਗੇ।

## II. ਧਿਆਨ ਦਿਵਾਊ ਨੋਟਿਸ

1. **ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ:-** ਸਥਾਨਕ ਸਰਕਾਰ ਮੰਤਰੀ ਦਾ ਧਿਆਨ ਪਾਇਲ ਖੇਤਰ (ਲੁਧਿਆਣਾ) ਵਿੱਚ ਅੱਗ ਬੁਝਾਊ ਪ੍ਰਣਾਲੀ ਦੀ ਉਪਲੱਬਧਤਾ ਨਾ ਹੋਣ ਵੱਲ ਦਿਵਾਉਣਗੇ।

(ਨੰ: 12)

2. **ਡਾਕਟਰ ਸੁਖਵਿੰਦਰ ਕੁਮਾਰ, ਐਮ.ਐਲ.ਏ:-** ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ ਧਿਆਨ ਰਾਜ ਵਿੱਚ ਬੋਲੇਪਣ ਦੀ ਸਮੱਸਿਆ ਨਾਲ ਜੂਝ ਰਹੀ 10% ਅਬਾਦੀ ਵੱਲ ਦਿਵਾਉਣਗੇ।

(ਨੰ: 15)

3. (i) **ਡਾਕਟਰ ਸੁਖਵਿੰਦਰ ਕੁਮਾਰ, ਐਮ.ਐਲ.ਏ.**
   (ii) **ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.** ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ ਧਿਆਨ ਸਵਾਈਨ ਫਲੂ ਦੇ ਫੈਲਣ ਕਾਰਣ ਰਾਜ ਵਿਚ ਲੋਕਾਂ ਦੁਆਰਾ ਸਾਹਮਣਾ ਕੀਤੀ ਜਾ ਰਹੀ ਸਮੱਸਿਆ ਵੱਲ ਦਿਵਾਉਣਗੇ।

(ਨੰ: 16 ਅਤੇ 21)

## III. ਰਿਪੋਰਟਾਂ ਪੇਸ਼ ਕਰਨੀਆਂ

1. **ਸਭਾਪਤੀ,
ਲੋਕ ਲੇਖਾ ਕਮੇਟੀ** ਪੇਸ਼ ਕਰਨਗੇ -

i) ਜਲ ਸਰੋਤ ਵਿਭਾਗ ਨਾਲ ਸਬੰਧਤ ਸਾਲ 2012-13 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2012-13 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 203ਵੀਂ ਰਿਪੋਰਟ;

ii) ਟਰਾਂਸਪੋਰਟ ਵਿਭਾਗ ਨਾਲ ਸਬੰਧਤ ਸਾਲ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ) ਤੇ ਲੋਕ ਲੇਖਾ ਕਮੇਟੀ ਦੀ 204ਵੀਂ ਰਿਪੋਰਟ;

iii) ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਨਾਲ ਸਬੰਧਤ ਸਾਲ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 205ਵੀਂ ਰਿਪੋਰਟ;

Superintendent
Punjab Vidhan Sabha
Chandigarh

iv) ਸਾਲ 2018-19 ਲਈ ਆਡਿਟ ਪੈਰ੍ਹਿਆਂ ਦੇ ਸਬੰਧ ਵਿੱਚ ਕੰਪਟਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਮਾਲੀਆਂ ਪ੍ਰਾਪਤੀਆਂ) ਵਿਚ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਜਵਾਬਾਂ ਦੀ ਜਾਂਚ-ਪੜਤਾਲ ਨਾਲ ਸਬੰਧਤ ਲੋਕ ਲੇਖਾ ਕਮੇਟੀ ਦੁਆਰਾ ਕੀਤੇ ਗਏ ਕੰਮ-ਕਾਰ ਤੇ "ਸੰਖੇਪ ਰਿਪੋਰਟ"।

2. ਸਭਾਪਤੀ, ਅਨੁਮਾਨ ਕਮੇਟੀ

ਸਾਲ 2018-19 ਲਈ ਸਥਾਨਕ ਸਰਕਾਰ ਵਿਭਾਗ, ਪੰਜਾਬ ਨਾਲ ਸਬੰਧਤ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

## IV. ਸਰਕਾਰੀ ਮਤਾ

**ਸ਼੍ਰੀ ਬ੍ਰਹਮ ਮੋਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਸਤਾਵ ਕਰਨਗੇ ਕਿ:-**

"13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦਾ ਦੁੱਖਦਾਈ ਹੱਤਿਆਕਾਂਡ ਭਾਰਤੀ ਇਤਿਹਾਸ ਵਿੱਚ ਅੰਗਰੇਜ਼ੀ ਹਕੂਮਤ ਵਲੋਂ ਕੀਤੇ ਗਏ ਜ਼ੁਲਮਾਂ ਦੀਆਂ ਯਾਦਾਂ ਵਿਚੋਂ ਸਭ ਤੋਂ ਵੱਧ ਭਿਆਨਕ ਯਾਦ ਹੈ।

ਰੋਅਲਟ ਐਕਟ ਦੇ ਵਿਰੋਧ ਵਿੱਚ ਸਥਾਨਕ ਪ੍ਰਦਰਸ਼ਨਕਾਰੀਆਂ ਵਲੋਂ ਸ਼ਾਤਮਈ ਢੰਗ ਨਾਲ ਕੀਤੇ ਜਾ ਰਹੇ ਪ੍ਰਦਰਸ਼ਨ ਨੂੰ ਦਬਾਉਣ ਖਾਤਰ ਜੋ ਇਹ ਸ਼ਰਮਨਾਕ ਫੌਜਕਾਰੀ ਕਾਰਵਾਈ ਕੀਤੀ ਗਈ ਸੀ, ਉਸ ਦੀ ਦੁਨੀਆਂ ਭਰ ਵਿੱਚ ਨਿਖੇਧੀ ਕੀਤੀ ਗਈ। ਫਿਰ ਵੀ, ਇਹ ਵਾਜਬ ਹੋਵੇਗਾ ਜੇਕਰ ਬ੍ਰਿਟਿਸ਼ ਸਰਕਾਰ ਵਲੋਂ ਇਸ ਕਾਂਡ ਲਈ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ ਤੇ ਮੁਆਫ਼ੀ ਮੰਗੀ ਜਾਵੇ, ਖਾਸ ਕਰਕੇ ਉਦੋਂ ਜਦੋਂ ਅਸੀਂ ਇਸ ਦੁਖਾਂਤ ਦੇ ਸ਼ਤਾਬਦੀ ਵਰ੍ਹੇ ਵਿੱਚ ਹਾਂ।

ਇਹ ਅਜੀਮ ਸਦਨ ਸਰਬਸੰਮਤੀ ਨਾਲ ਇਹ ਫੈਸਲਾ ਕਰਦਾ ਹੈ ਕਿ ਰਾਜ ਸਰਕਾਰ ਇਸ ਸਬੰਧੀ ਭਾਰਤ ਸਰਕਾਰ ਨਾਲ ਮਾਮਲਾ ਉਠਾਵੇ ਕਿ ਉਹ ਬ੍ਰਿਟਿਸ਼ ਸਰਕਾਰ ਤੇ, ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦੇ ਹੱਤਿਆਕਾਂਡ ਲਈ, ਜਨਤਕ ਤੌਰ ਤੇ ਮੁਆਫ਼ੀ ਮੰਗਣ ਲਈ ਦਬਾਅ ਪਾਉਣ।"

## V. ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਧੰਨਵਾਦ ਪ੍ਰਸਤਾਵ ਤੇ ਵੋਟ

13 ਫਰਵਰੀ, 2019 ਨੂੰ ਡਾਕਟਰ ਰਾਜ ਕੁਮਾਰ ਵੇਰਕਾ, ਐਮ.ਐਲ.ਏ ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ ਦੁਆਰਾ ਪ੍ਰੋੜ੍ਹਤਾ ਕੀਤੇ ਗਏ ਨਿਮਨਲਿਖਤ ਪ੍ਰਸਤਾਵ ਨੂੰ ਹੋਰ ਵਿਚਾਰਨ ਲਈ:-

" ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸ਼ਬਦਾਂ ਵਿੱਚ ਮਾਣ ਪੱਤਰ ਪੇਸ਼ ਕੀਤਾ ਜਾਵੇਗਾ:-

" ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਹਨਾਂ ਨੇ 12 ਫਰਵਰੀ, 2019 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ। "

Superintendent
Punjab Vidhan Sabha
Chandigarh

(ਸਮਾਪਤੀ ਕੀਤੀ ਜਾਵੇਗੀ।)

ਚੰਡੀਗੜ੍ਹ:
14 ਫਰਵਰੀ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।